# ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

*ਮੈਡੀਕਲ ਸਿੱਖਿਆ ਭਵਨ, ਸੈਕਟਰ 69, ਐਸ.ਏ.ਐਸ. ਨਗਰ*

ਸੇਵਾ ਵਿਖੇ

1 ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ, ਚੰਡੀਗੜ੍ਹ।
2 ਡਾਇਰੈਕਟਰ, ਸਿਹਤ ਤੇ (ਸ.ਬ.) ਪੰਜਾਬ, ਚੰਡੀਗੜ੍ਹ।
3 ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ/ਅੰਮ੍ਰਿਤਸਰ/ਗੁ:ਗੋ:ਸਿੰਘ ਮੈਡੀਕਲ ਕਾਲਜ, ਫਰੀਦਕੋਟ।
4 ਪੰਜਾਬ ਰਾਜ ਦੇ ਸਿਵਲ ਸਰਜਨਾਂ ਨੂੰ।
5 ਇਸ ਦਫਤਰ ਦੇ ਅਧੀਨ ਕੰਮ ਕਰਦੀਆਂ ਸੰਸਥਾਵਾਂ ਦੇ ਮੁਖੀਆਂ ਨੂੰ।
6 ਪ੍ਰਿੰਸੀਪਲ, ਮੈਡੀਕਲ ਅਫਸਰ, ਨੰਗਲ/ਤਲਵਾੜਾ/ਸੁੰਦਰ ਨਗਰ ਅਤੇ ਚੰਡੀਗੜ੍ਹ।
7 ਕੈਮੀਕਲ ਐਗਜਾਮੀਨਰ, ਪੰਜਾਬ, ਪਟਿਆਲਾ।
8 ਮੈਡੀਕਲ ਸੁਪਰਡੰਟ, ਈ.ਐਸ.ਆਈ. ਹਸਪਤਾਲ, ਅੰਮ੍ਰਿਤਸਰ/ਜਲੰਧਰ/ਲੁਧਿਆਣਾ/ਮਾਤਾ ਕੁਸੱਲਿਆ ਹਸਪਤਾਲ, ਪਟਿਆਲਾ।
9 ਪ੍ਰਿੰਸੀਪਲ, ਫੈਮਿਲੀ ਪਲਾਨਿੰਗ ਸੈਂਟਰ, ਮੋਹਾਲੀ।
10 ਸਾਰੇ ਸੀਨੀਅਰ ਮੈਡੀਕਲ ਅਫਸਰ ਆਫ ਸਟੇਟ ਆਫ ਪੰਜਾਬ।
11 ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ/ਸ੍ਰੀ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ।
12 ਡਿਪਟੀ ਮੈਡੀਕਲ ਸੁਪਰਡੰਟ, ਟੀ.ਬੀ. ਹਸਪਤਾਲ ਪਟਿਆਲਾ/ਟੀ.ਬੀ.ਸੈਨਾਟੋਰੀਅਮ, ਅੰਮ੍ਰਿਤਸਰ।
13 ਡਾਇਰੈਕਟਰ, ਸਿਹਤ ਸੇਵਾਵਾਂ (ਪਰਿਵਾਰ ਭਲਾਈ) ਯੂ.ਟ. ਸੈਕਟ-16, ਚੰਡੀਗੜ੍ਹ।
14 ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ32 ਚੰਡੀਗੜ੍ਹ।

ਨੰ:3ਐਮ.ਈ.1-ਪੰ-2018/ 19638 - 838
ਮਿਤੀ, ਐਸ.ਏ.ਐਸ.ਨਗਰ: 20-11-18

**ਵਿਸਾ:-** **ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਅਤੇ ਮੋਹਾਲੀ ਦੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰੋਫੈਸਰ ਦੀਆਂ ਆਸਾਮੀਆਂ ਭਰਨ ਬਾਰੇ।**

ਉਪਰੋਕਤ ਵਿਸੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰੋਫੈਸਰ ਦੀਆਂ ਤਨਖਾਹ ਸਕੇਲ ਰੁਪਏ 37400-67000+ 8600 ਗ੍ਰੇਡ ਪੇ ਵਿੱਚ ਮੰਨਜੂਰ ਸੁਦਾ ਆਸਾਮੀਆਂ ਵਿੱਚੋਂ ਤਰੱਕੀ ਕੋਟੇ ਦੀਆਂ ਖਾਲੀ ਆਸਾਮੀਆਂ ਨੂੰ ਭਰਨ ਲਈ ਪੀ.ਸੀ.ਐਮ.ਐਸ. ਡਾਕਟਰਾਂ/ਪੀ.ਐਮ.ਈ.ਐਸ. ਡਾਕਟਰਾਂ ਪਾਸੋਂ ਅਰਜੀਆਂ ਮੰਗੀਆਂ ਜਾਂਦੀਆਂ ਹਨ। ਇਹਨਾਂ ਆਸਾਮੀਆਂ ਲਈ ਨਾਲ ਨੱਥੀ ਪ੍ਰਫਾਰਮੇ ਅਨੁਲੱਗ-1 ਤੇ ਭਰ ਕੇ ਅਪਲਾਈ ਕਰਨਾ ਹੋਵੇਗਾ। ਇਸ ਪ੍ਰੋਫਾਰਮੇ ਦੀ ਇੱਕ ਕਾਪੀ ਵਿਭਾਗ ਦੀ ਵੈਬ-ਸਾਇਟ www.punjabmedicaleducation.org ਤੇ ਵੀ ਉਪਲੱਬਧ ਹੈ। ਯੋਗ ਬਿਨੈਕਾਰ ਮਿਤੀ 14.12.2018 ਤੱਕ ਅਪਲਾਈ ਕਰ ਸਕਦੇ ਹਨ।

2) ਇਹਨਾਂ ਆਸਾਮੀਆਂ ਲਈ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਕੰਮ ਕਰ ਰਹੇ ਲੈਕਚਰਾਰ ਅਤੇ ਟਿਊਟਰ/ਲੈਕਚਰਾਰ-ਕਮ-ਮੈਡੀਕਲ ਅਫਸਰ ਵੀ ਅਪਲਾਈ ਕਰ ਸਕਦੇ ਹਨ, ਇਹਨਾਂ ਦੀ ਪਾਤਰਤਾ ਪੰਜਾਬ ਮੈਡੀਕਲ ਐਜੂਕੇਸਨ ( ਗਰੁੱਪ ਏ) ਸਰਵਿਸ ਰੂਲਜ, 2016 ਰਾਹੀਂ ਫਿਕਸ ਕੀਤੀ ਜਾਵੇਗੀ।

3) ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਖਾਲੀ ਆਸਾਮੀਆਂ ਦਾ ਵੇਰਵਾ ਅਨੁਲੱਗ-2 ਨਾਲ ਨੱਥੀ ਹੈ। ਇਹਨਾਂ ਆਸਾਮੀਆਂ ਦੀ ਗਿਣਤੀ ਘੱਟ ਜਾਂ ਵੱਧ ਸਕਦੀ ਹੈ। ਕਿਸੇ ਵੀ ਵਿਭਾਗ ਵਿੰਚ ਕਿਸੇ ਵੀ ਆਸਾਮੀ ਨੂੰ ਭਰਨ ਜਾਂ ਨਾ ਭਰਨ, ਜਾਂ ਵਾਪਸ ਲੈਣ ਦਾ ਅਧਿਕਾਰ ਸਰਕਾਰ ਪਾਸ ਹੋਵੇਗਾ। ਜੇਕਰ ਇਹ ਵਿਗਿਆਪਨ ਵਾਪਸ ਲਿਆ ਜਾਂਦਾ ਹੈ ਜਾਂ ਆਸਾਮੀਆਂ ਦੀ ਗਿਣਤੀ ਵਾਪਸ ਲਈ ਜਾਂਦੀ ਹੈ ਤਾਂ ਉਸ ਸੂਰਤ ਵਿੱਚ ਬਿਨੈਕਾਰ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਅਨੁਲੱਗ -3 ਵਿੱਚ ਦਰਸਾਈਆਂ ਆਸਾਮੀਆਂ ਮੋਹਾਲੀ ਵਿਖੇ ਸੁਰੂ ਕੀਤੇ ਜਾਣ ਵਾਲੇ ਨਵੇਂ ਮੈਡੀਕਲ ਕਾਲਜ ਦੀਆਂ ਹਨ। ਇਹਨਾਂ ਆਸਾਮੀਆਂ ਦੀ ਰਚਨਾ ਕਰਨ ਸਬੰਧੀ ਸਰਕਾਰ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਦੀ ਸੂਰਤ ਵਿੱਚ ਹੀ ਭਰਿਆ ਜਾਵੇਗਾ।

4) ਇਹਨਾਂ ਆਸਾਮੀਆਂ ਨੂੰ ਪੰਜਾਬ ਮੈਡੀਕਲ ਐਜੂਕੇਸਨ (ਗਰੁੱਪ ਏ) ਰੂਲਜ, 2016 ਵਿੱਚ ਦਰਜ ਉਪਬੰਧਾਂ ਅਨੁਸਾਰ ਭਰਿਆ ਜਾਵੇਗਾ ਅਤੇ ਇਹਨਾਂ ਰੂਲਾਂ ਦੇ ਪੈਰਾ 8(3) ਅਨੁਸਾਰ ਮਿਤੀ 1.1.2018 ਤੱਕ 50 ਸਾਲ ਤੱਕ ਦੀ ਉਮਰ ਵਾਲੇ ਬਿਨੈਕਾਰ ਹੀ ਯੋਗ ਹੋਣਗੇ ਅਤੇ ਇਸ ਤੋਂ ਵੱਧ ਉਮਰ ਵਾਲੇ ਬਿਨੈਕਾਰ ਯੋਗ ਨਹੀਂ ਹੋਣਗੇ।

5) ਆਪ ਜੀ ਦੇ ਅਧੀਨ ਕੰਮ ਕਰਦੇ ਸਾਰੇ ਪੀ.ਸੀ.ਐਮ.ਐਸ. ਡਾਕਟਰਾਂ ਨੂੰ ਇਹ ਪੱਤਰ ਨੋਟ ਕਰਵਾ ਦਿੱਤੇ ਜਾਵੇ ਅਤੇ ਆਪਣੀ ਦਰਖਾਸਤ ਯੋਗ ਪ੍ਰਣਾਲੀ ਰਾਹੀਂ ਪ੍ਰਤੀ ਬੇਨਤੀ ਨਾਲ ਲੋੜੀਂਦੇ ਤਸਦੀਕ ਸੁਦਾ ਸਰਟੀਫਿਕੇਟ ਦੀਆਂ ਕਾਪੀਆਂ ਦੇ ਇਸ ਦਫਤਰ ਨੂੰ ਨਿਰਧਾਰਤ ਮਿਤੀ ਤੋਂ ਪਹਿਲਾਂ ਪਹਿਲਾਂ ਪੇਸ ਕਰਨ। ਸਬੰਧਤ ਡਾਰਕਟਰ ਦੀ ਪੜਾਈ ਦਾ ਤਜਰਬਾ, ਰੂਰਲ ਸੇਵਾ ਤਜਰਬਾ ਆਦਿ ਭਾਵ ਯੋਗਤਾ ਅਰਜੀਆਂ ਅਪਲਾਈ ਕਰਨ ਦੀ ਅੰਤਿਮ ਮਿਤੀ ਤੱਕ ਹੀ ਗਿਣਿਆ ਜਾਵੇਗਾ।

6) ਇਸ ਵਿਗਿਆਪਨ ਦੇ ਸਬੰਧ ਵਿੱਚ ਜਿਹੜੀਆਂ ਅਰਜੀਆਂ ਆਪ ਜੀ ਦੇ ਦਫਤਰ ਵਿੱਚ ਪ੍ਰਾਪਤ ਹੋਣ ਉਹ ਅਰਜੀਆਂ ਨਿਸਚਿਤ ਮਿਤੀ ਤੱਕ ਇਸ ਦਫਤਰ ਵਿਖੇ ਪਹੁੰਚਾਉਣ ਨੂੰ ਯਕੀਨੀ ਬਣਾਉਣ ਦੀ ਖੇਚਲ ਕੀਤੀ ਜਾਵੇ।

7) ਇੱਥੇ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਡਾਕਟਰ ਮਿਤੀ 14.12.2018 ਤੱਕ ਹੀ ਅਪਲਾਈ ਕਰ ਸਕਦੇ ਹਨ ਅਤੇ ਜਿਹੜੇ ਡਾਕਟਰ ਅਪਲਾਈ ਕਰਨਗੇ ਉਹ ਆਪਣੀਆਂ ਅਰਜੀਆਂ ਯੋਗ ਪ੍ਰਣਾਲੀ ਰਾਹੀਂ ਭੇਜਣ ਦੀ ਖੇਚਲ ਕਰਨ। ਜਿਹੜੀਆਂ ਅਰਜੀਆਂ ਦੀ ਕੇਵਲ ਅਗੇਤੀ ਕਾਪੀ ਪ੍ਰਾਪਤ ਹੋਵੇਗੀ ਜਾਂ ਗਲਤ ਭਰੀਆਂ ਹੋਣਗੀਆਂ ਜਾਂ ਜਿਹਨਾਂ ਅਰਜੀਆਂ ਨਾਲ ਵਿਦਿਅਕ ਯੋਗਤਾ ਅਤੇ ਤਜਰਬੇ ਸਰਟੀਫਿਕੇਟ ਦੀਆਂ ਸੈਲਫ

ਤਸਦੀਕਸ਼ੁਦਾ ਕਾਪੀਆਂ ਨਹੀਂ ਹੋਣਗੀਆਂ, ਜਾਂ ਜਿਹੜੀਆਂ ਅਰਜੀਆਂ ਅਧੂਰੀਆਂ ਭਰੀਆਂ ਹੋਈਆਂ ਜਾਂ ਮਿਥੀ ਮਿਤੀ ਤੋਂ ਬਾਅਦ ਪ੍ਰਾਪਤ ਹੋਣਗੀਆਂ ਉਨ੍ਹਾਂ ਤੇ ਕੋਈ ਕਾਰਵਾਈ ਨਹੀਂ ਹੋਵੇਗੀ ਅਤੇ ਬਾਅਦ ਵਿੱਚ ਇਸ ਬਾਰੇ ਕੋਈ ਅਪੀਲ ਜਾਂ ਦਲੀਲ ਨਹੀਂ ਸੁਣੀ ਜਾਵੇਗੀ।

8) ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਵਿਗਿਆਪਨ ਆਪ ਦੇ ਅਧੀਨ ਕੰਮ ਕਰਦੇ ਸਮੂਹ ਡਾਕਟਰਾਂ ਨੂੰ ਭੇਜ ਦਿੱਤਾ ਗਿਆ ਹੈ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ

ਪੰਜਾਬ

ਪਿੱ:ਅੰ:ਨੰ:3ਐਮ.ਈ.1-ਪੰ-2018/ ਮਿਤੀ,ਐਸ.ਏ.ਐਸ.ਨਗਰ:

ਉਪਰੋਕਤ ਦਾ ਉਤਾਰਾ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ

ਪਿੱ:ਅੰ:ਨੰ:3ਐਮ.ਈ.1-ਪੰ-2018/ ਮਿਤੀ,ਐਸ.ਏ.ਐਸ.ਨਗਰ:

ਉਪਰੋਕਤ ਦਾ ਉਤਾਰਾ ਸੁਪਰਡੰਟ ਐਮ.ਈ.3 ਸਾਖਾ ਦਫਤਰ ਡੀ.ਆਰ.ਐਮ.ਈ. ਪੰਜਾਬ ਨੂੰ ਵਿਭਾਗ ਦੀ ਵੈਬ-ਸਾਇਟ ਤੇ ਅੱਪਲੋਡ ਕਰਨ ਲਈ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ

ਅਨੈਕਸਚਰ-2

| ਲੜੀ ਨੰ: | ਸਪੈਸਲਿਟੀ ਦਾ ਨਾਂ | ਆਸਾਮੀਆਂ ਦੀ ਗਿਣਤੀ |
|---|---|---|
| 1 | 2 | 3 |
| 1 | ਮੈਡੀਸਨ | 8 |
| 2 | ਐਨਸਥਿਸੀਆ | 9 |
| 3 | ਗਾਇਨੀ | 6 |
| 4 | ਆਰਥੋਪੈਡਿਕਸ | 5 |
| 5 | ਐਕਸਰੇ ਵਿਭਾਗ | 5 |
| 6 | ਸਾਇਕੈਟਰੀ | 5 |
| 7 | ਸਰਜਰੀ | 4 |
| 8 | ਐਸ.ਪੀ.ਐਮ. | 4 |
| 9 | ਬੱਚਾ ਵਿਭਾਗ | 3 |
| 10 | ਆਪਥਲਮੋਲੋਜੀ | 3 |
| 11 | ਫਰਾਂਸਿਕ ਮੈਡੀਸਨ | 2 |
| 12 | ਸਰਜੀਕਲ ਐਨਾਕਾਲੋਜੀ | 1 |
| 13 | ਸਕਿੰਨ ਅਤੇ ਵੀ.ਡੀ. | 1 |
| 14 | ਕਾਰਡਿਓਥਰੈਸਿਕ ਸਰਜਰੀ | 1 |
| | ਕੁੱਲ ਆਸਾਮੀਆਂ | 57 |

ਅਨੈਕਸਚਰ-3

| ਲੜੀ ਨੰ: | ਸਪੈਸਲਿਟੀ ਦਾ ਨਾਂ | ਆਸਾਮੀਆਂ ਦੀ ਗਿਣਤੀ |
|---|---|---|
| 1 | 2 | 3 |
| 1 | ਅਨਾਟਮੀ | 1 |
| 2 | ਫਿਜਾਓਲੋਜੀ | 1 |
| 3 | ਬਾਇਓਕੈਮਿਸਟਰੀ | 1 |
| 4 | ਪੈਥਾਲੋਜੀ | 1 |
| 5 | ਫਰਾਂਸਿਕ ਮੈਡੀਸਨ | 1 |
| 6 | ਐਸ.ਪੀ.ਐਮ. | 1 |
| 7 | ਮੈਡੀਸਨ | 2 |
| 8 | ਟੀ.ਬੀ.ਅਤੇ ਚੈਸਟ | 1 |
| 9 | ਸਕਿੰਨ ਅਤੇ ਵੀ.ਡੀ. | 1 |
| 10 | ਸਾਇਕੈਟਰੀ | 1 |
| 11 | ਸਰਜਰੀ | 2 |
| 12 | ਈ.ਐਨ.ਟੀ. | 1 |
| 13 | ਆਪਥਲਮਾਲੋਜੀ | 1 |
| 14 | ਆਬਸਟ ਅਤੇ ਗਾਇਨੀ | 2 |
| 15 | ਐਨਾਸਥੀਸੀਆ | 2 |
| 16 | ਰੇਡਿਓਡਾਇਗਨੋਜਿਜ | 1 |
|  | ਕੁੱਲ ਆਸਾਮੀਆਂ | 20 |

**<u>ਅਰਜੀ ਦਾ ਫਾਰਮ</u>** ਅਨੁਲੱਗ -1

ਅਰਜੀਆਂ ਪੁੱਜਣ ਦੀ ਆਖਰੀ ਮਿਤੀ <u>14.12.2018</u>

ਸਹਾਇਕ ਪ੍ਰੋਫੈਸਰ ਦੀ ਜਿਹੜੀ ਆਸਾਮੀ ਲਈ ਅਰਜੀ ਪੇਸ਼ ਕੀਤੀ ਹੈ ਦੇ ਵਿਭਾਗ ਦਾ ਨਾਮ ===================

ਅਰਜੀਆਂ ਯੋਗ ਪ੍ਰਣਾਲੀ ਰਾਹੀਂ ਭੇਜੀਆਂ ਜਾਣ, ਜਿਹੜੀਆਂ ਅਰਜੀਆਂ ਦੀ ਕੇਵਲ ਅਗੇਤੀ ਕਾਪੀ ਹੀ ਪ੍ਰਾਪਤ ਹੋਵੇਗੀ ਜਾਂ ਗਲਤ ਭਰੀਆਂ ਜਾਣਗੀਆਂ ਅਤੇ ਮਿਥੀ ਮਿਤੀ ਤੋਂ ਬਾਅਦ ਪ੍ਰਾਪਤ ਹੋਣਗੀਆਂ, ਉਹਨਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਅਰਜੀਆਂ ਮੁਕੰਮਲ ਤੌਰ ਤੇ ਤਿੰਨ ਪੜ੍ਹਤਾਂ ਵਿੱਚ ਅਤੇ ਸਾਰੇ ਦਸਤਾਵੇਜਾਂ ਸਹਿਤ ਭੇਜੀਆਂ ਜਾਣ:-

1. ਡਾਕਟਰ ਦਾ ਨਾਮ ਅਤੇ ਅਹੁੱਦਾ ..........................................................................

2. ਡਾਕਟਰ ਜਿੱਥੇ ਹੁਣ ਕੰਮ ਕਰ ਰਹੇ ਹਨ:- ..........................................................................

3. ਪੀ.ਸੀ.ਐਮ.ਐਸ. ਵਿੱਚ ਨਿਯੁਕਤੀ ਦੀ ਮਿਤੀ ..........................................................................

ੳ) ਤਦ-ਅਰਥ ਆਧਾਰ ਤੇ :..................................................

ਅ) ਰੈਗੂਲਰ ਆਧਾਰ ਤੇ :..................................................

ੲ) ਸੀਨੀਆਰਤਾ ਨੰਬਰ :..................................................

ਸ) ਸੇਵਾ ਨੰਬਰ :..................................................

ਹ) ਕੈਟਾਗਰੀ : ਜਨਰਲ/ਅਨੁਸੂਚਿਤ ਜਾਤੀ/ਪਛੜੀ ਸ਼੍ਰੇਣੀ/ਹੋਰ

4. ਰੂਰਲ ਸੇਵਾ ਦਾ ਵੇਰਵਾ (ਸਹੀ ਮਿਤੀਆਂ ਸਹਿਤ)

ੳ) ਥਾਵਾਂ

..........................................................................................................................

..........................................................................................................................

..........................................................................................................................

ਅ) ਹਰ ਸਥਾਨ ਤੇ ਕੀਤੀ ਗਈ ਨੌਕਰੀ ਦਾ ਮੁਕੰਮਲ ਵੇਰਵਾ

..........................................................................................................................

..........................................................................................................................

..........................................................................................................................

5. ੳ) ਸਰਕਾਰੀ ਸੇਵਾ ਦਾ ਵੇਰਵਾ:-

..........................................................................................................................

..........................................................................................................................

..........................................................................................................................

ਅ) ਉਕਤ ਸਰਕਾਰੀ ਸੇਵਾ ਦੇ ਵੇਰਵੇ ਵਿੱਚੋਂ ਟੀਚਿੰਗ ਸੇਵਾ ਦਾ ਵੇਰਵਾ:-

..........................................................................................................................................

..........................................................................................................................................

..........................................................................................................................................

6. ਮੈਟ੍ਰਿਕ ਦੇ ਸਰਟੀਫਿਕੇਟ ਤੇ ਦਰਸਾਈ ਜਨਮ ਮਿਤੀ ....................................................................

(ਸਬੂਤ ਵੱਜੋਂ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ)

7. ਇਹ ਤਸਦੀਕ ਕੀਤਾ ਜਾਵੇ ਕਿ ਤੁਸੀਂ ਅਨੁਸੂਚਿਤ ਜਾਤੀ/ਪਛੜੀਆਂ ਸ੍ਰੇਣੀਆਂ ਜਾਂ ਇੰਡੀਅਨ ਆਰਮੀ ਕੋਰਸ ਤੇ ਰਲੀਵ ਹੋਏ ਅਫਸਰ ਹੋ, ਇਸ ਸਬੰਧੀ ਸਬੂਤ ਵੱਜੋਂ ਸਰਟੀਫਿਕੇਟ ਨੱਥੀ ਕੀਤਾ ਜਾਵੇ:- ..........................................................

8. ਹੁਣ ਪੜ੍ਹਾਈ ਦੀ ਯੋਗਤਾ:- ..........................................................................................................

9. ਪੋਸਟ ਗਰੈਜੂਏਟ ਕਰਨ ਦੀ ਮਿਤੀ ਸਪੈਸਲਿਟੀ ਅਤੇ ਟ੍ਰੇਨਿੰਗ ਦਾ ਸਮਾ ਦੱਸਿਆ ਜਾਵੇ:- ..................................

..........................................................................................................................................

10. ਕੀ ਦਸਵੀਂ ਪੱਧਰ ਤੱਕ ਪੰਜਾਬੀ ਵਿਸੇ ਨਾਲ ਪ੍ਰਿਖਿਆ ਪਾਸ ਕੀਤੀ ਹੈ (ਸਬੂਤ ਵੱਜੋਂ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ।

11. ਵਿਭਾਗ ਜਿਸ ਵਿੱਚ ਤੁਸੀਂ ਲੱਗਣਾ ਚਾਹੁੰਦੇ ਹੋ, ਦੱਸਿਆ ਜਾਵੇ ਕਿ ਜੇ ਇੱਕ ਤੋਂ ਵੱਧ ਵਿਭਾਗਾਂ ਵਿੱਚ ਯੋਗਤਾ ਰੱਖਦੇ ਹੋ ਤਾ ਪਹਿਲ ਅਨੁਸਾਰ ਦੱਸੋ :- ..........................................................................................

..........................................................................................................................................

12. ਜਗ੍ਹਾ ਜਿਹੜੇ ਮੇਡੀਕਲ ਕਾਲਜ ਵਿੱਚ ਤੁਸੀਂ ਲੱਗਣਾ ਚਾਹੁੰਦੇ ਹੋ:- ਪਟਿਆਲਾ/ਅੰਮ੍ਰਿਤਸਰ
(ਤੈਨਾਤੀ ਦਾ ਅਧਿਕਾਰ ਕੇਵਲ ਸਰਕਾਰ ਪਾਸ ਹੈ)

ਮਿਤੀ ......................

ਸਥਾਨ ......................

ਉਮੀਦਵਾਰ ਦੇ ਹ੍ਸਤਾਖਰ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜਿਹੜੀ ਸੂਚਨਾ ਉੱਪਰ ਦੱਸੀ ਗਈ ਹੈ , ਉਹ ਕਰਮਚਾਰੀ ਦੀ ਸੇਵਾ ਰਿਕਾਰਡ ਮੁਤਾਬਿਕ ਹੈ ਅਤੇ ਬਿਲਕੁੱਲ ਠੀਕ ਹੈ। ਉਮੀਦਵਾਰ ਵਿਰੁੱਧ ਕੋਈ ਸਿਕਾਇਤ/ਇੰਨਕੁਆਰੀ ਨਹੀਂ ਚੱਲ ਰਹੀ ਹੈ ਅਤੇ ਇਹਨਾਂ ਦਾ ਕੰਮ-ਕਾਜ ਤਸੱਲੀਬਖਸ ਹੈ। ਉਮੀਦਵਾਰ ਉਕਤ ਆਸਾਮੀ ਲਈ ਪੜ੍ਹਾਈ ਅਤੇ ਯੋਗਤਾਵਾਂ ਰੱਖਦਾ ਹੈ।

ਕੰਟਰੋਲਿੰਗ ਅਫਸਰ